ੴ ਸਤਿਗੁਰ ਪ੍ਰਸਾਦਿ

# ਕੜਵਾ ਸੱਚ ਦੇ ਪਹਿਲੇ ਭਾਗ ਦੇ ਪੰਨਿਆਂ ਵਿਚੋਂ ਸਾਰ

ਰਸ, (ਧਰਮ ਦੀ ਵਿਆਖਿਆ ਅਤੇ ਸੱਚ ਦਾ ਮਾਰਗ)

## ਨੋਟ

ਕੜਵਾ ਸੱਚ ਦੀ ਪੁਸਤਕ ਨੂੰ ਕਲਮਬੰਦ ਕਰਨ ਦਾ ਮੁੱਖ ਮੰਤਵ ਤਾਂ ਜੋ ਮਨੁੱਖ ਸ਼ੀਸੇ ਰੂਪੀ ਪੈਮਾਨੇ (ਕੜਵਾ ਸੱਚ) ਦੇ ਰੁ-ਬਰੂ ਹੋਕੇ ਆਪਣੇ ਬਾਰੇ ਆਪ ਸੋਚੇ, ਆਪਣੇ ਗੁਣ ਔਗਣ ਅਤੇ ਧਰਮ ਕਾਰਜਾਂ ਦੀ ਅਸਲ ਸੱਚਾਈ ਨੂੰ ਸਮਝੇ। ਆਪਣੇ ਅੰਤਰ ਆਤਮੇ ਦੀ ਤ੍ਰਿਪਤੀ (ਰੱਬੀ ਗਿਆਨ) ਲਈ ਹੰਭਲਾ ਮਾਰਨ ਦਾ ਯਤਨ ਕਰੇ।

ਪੂਰੀ ਦੁਨੀਆਂ ਵਿਚ ਹੁਣ ਤਕ ਕਿੰਨੇ ਧਰਮ ਅਤੇ ਕਿੰਨੇ ਧਰਮ ਗੰਥ ਹੋਂਦ ਵਿਚ ਆਏ ਹੋਣ ਹੋਣਗੇ ਅਤੇ ਕਿੰਨੇ ਕੂੜੇ ਦਾ ਢੇਰ ਬਣ ਗਏ ਹੋਣਗੇ, ਸ਼ਾਇਦ ਹੀ ਐਸਾ ਕਿਸੇ ਨੂੰ ਗਿਆਨ ਹੋਵੇ। ਸੰਸਾਰ ਵਿਚ ਵਿਚਰਣ ਲਈ ਆਦ ਸਮੇਂ ਤੋਂ ਹਰ ਮਨੁੱਖੀ ਜਾਮੇਂ ਦਾ ਕੇਂਦਰ ਬਿੰਦੂ ਧਰਮ ਰਿਹਾ ਹੈ। ਜਿਸ ਦੀ ਵਿਆਖਿਆ ਸੰਸਾਰ ਦੇ ਸਭ ਤੋਂ ਨਵੇਂ ਨਾਨਕ ਮੱਤ ਨੇ ਨਿਯਮ ਨਾਲ ਕੀਤੀ ਹੈ। ਮਨੁੱਖੀ ਜਾਮੇਂ ਨੂੰ ਸਦੀਵੀਂ ਸੁਖ ਦੀ ਪ੍ਰਾਪਤੀ ਦੇ 4 ਪਦਾਰਥਾਂ ਵਿਚੋਂ ਇਕ ਪਦਾਰਥ ਧਰਮ ਹੈ। ਗੁਰਬਾਣੀ ਵਿਚ ਸਾਰੇ ਗੁਰੂ ਸਾਹਿਬਾਨ ਨੇ ਧਰਮ ਸ਼ਬਦ ਦੀ ਜਿਥੇ ਜਿਥੇ ਵਰਤੋਂ ਕੀਤੀ ਹੈ ਖਾਸ ਐਹਿਮੀਅਤ ਜਾਣ ਕੇ ਕੀਤੀ ਹੈ। ਮਨੁੱਖੀ ਜਾਮੇਂ ਸਮੇਤ ਸ੍ਰਿਸ਼ਟੀ ਦੇ ਸਾਰੇ ਪਦਾਰਥਾਂ ਤੇ ਜੀਵ ਜੰਤੂਆਂ ਦਾ ਆਉਣ ਜਾਣ, ਬਣਨ ਮਿਟਣ ਦੇ ਕਾਰਜਾਂ ਨੂੰ ਕਰਤੇ ਨੇ ਪ੍ਰਕਿਰਤੀ ਦੇ ਨਿਯਮ (ਧਰਮ) ਵਿਚ ਬੱਝ ਰਖਿਆ ਹੈ। ਕਹਿਣ ਦਾ ਭਾਵ ਸ੍ਰਿਸ਼ਟੀ ਦੇ ਕਾਰਜਾਂ ਦਾ ਸਿਲਸੱਲਾ ਪ੍ਰਕਿਰਤੀ ਦੇ ਨਿਯਮ ਵਿਚ (ਧਰਮ) ਆਪਣੇ ਆਪ ਚਲਦਾ ਰਹਿੰਦਾ ਹੈ। ਇਸ ਕਰਕੇ ਧਰਮ ਸ਼ਬਦ ਦੀ ਵਿਆਖਿਆ ਦਾ ਜੁਗਿਆਸੂ ਲੋਕਾਂ ਨੂੰ ਗਿਆਨ ਹੋਣਾ ਜਰੂਰੀ ਹੈ, ਤਾਂ ਜੋ ਜੁਗਿਆਸੂ ਲੋਕ ਧਰਮ ਦੇ ਮਰਗ ਵਿਚ ਪ੍ਰਮਾਤਮਾ ਦਾ ਚਿੰਤਨ ਕਰਕੇ ਗਿਆਨ ਪ੍ਰਾਪਤ ਕਰੇ। ਸਰਮ ਖੰਡ, ਕਰਮ ਖੰਡ ਦੀ ਅਵਸਥਾ ਦਾ ਪਾਤਰ ਬਣਕੇ ਜੁਗਿਆਸੂ ਦਾ ਰੱਬੀ ਰੰਗ ਵਿਚ ਲੀਨ ਹੋ ਜਾਣਾ ਨਾਨਕ ਮੱਤ ਦਾ ਮੁੱਖ ਅਤੇ ਬੁਨਿਆਦੀ ਸਿਧਾਂਤ ਹੈ। ਹਰ ਮਨੁੱਖ ਨੂੰ ਸਚਿਆਰਾ ਜੀਵਨ ਜੀਉਣ ਲਈ ਗਿਆਨ ਇਕੋ ਇਕ ਖਾਸ ਸਾਧਨ ਮੰਨਿਆ ਜਾਂਦਾ ਹੈ। ਗਿਆਨ ਹੀਣ ਮਨੁੱਖ ਆਪਣੇ ਜੀਵਨ, ਸਮਾਜ ਅਤੇ ਆਪਣੇ ਮੱਤ ਨੂੰ ਕਦੇ ਵੀ ਪ੍ਰਫੁਲਤ ਨਹੀਂ ਕਰ ਸਕਦੇ? ਹੈਰਾਨੀ ਦੀ ਗਲ ਤਾਂ ਇਹ ਹੈ ਕਿ ਹਰ ਧਰਮ ਵਿਚ ਮਨੁੱਖ ਦਾ ਕਥਾ ਵਾਰਤਾ ਸੁਣਦੇ ਪੂਰਾ ਜੀਵਨ ਨਿਕਲ ਜਾਂਦਾ ਹੈ। ਬਲਕਿ ਵਾਰ 2 ਕਥਾ ਕਹਾਣੀਆਂ ਸੁਣਨਾ ਮਨੁੱਖ ਦੀ ਆਦਤ ਬਣ ਜਾਂਦੀ ਹੈ, ਪਰ ਧਰਮ ਦੀ ਪੌੜੀ ਤੇ ਸ਼ਾਇਦ ਹੀ ਕੋਈ ਕਦਮ ਰੱਖਦਾ ਹੋਵੇ? ਇਹੋ ਹਾਲ ਸਿੱਖ ਕੌਮ ਦਾ ਹੈ। ਮਨੁੱਖ ਨੂੰ ਆਵਾ-ਗਉਣ ਦੀ ਘੁੰਮਣ ਘੇਰੀ ਤੋਂ ਬਚਾਉਣ ਲਈ ਗਿਆਨੀ ਪੁਰਸ਼ ਇਸ ਗਿਆਨ ਖੰਡ, ਸਰਮ ਖੰਡ, ਕਰਮ ਖੰਡ ਦੀ ਵਿਚਾਰ ਕਰਨ ਤੋਂ ਕਿਉ ਕਤਰਾਉਂਦੇ ਹਨ, ਜਦ ਕਿ ਮਨੁੱਖੀ ਜਾਮੇਂ ਨੂੰ ਰੱਬੀ ਗਿਆਨ ਰਾਹੀਂ ਸਿਖਰ ਦੀ ਅਵਸਥਾ ਦਾ ਪਾਤਰ ਬਣਕੇ ਆਵਾ-ਗਉਣ ਤੋਂ ਸਦੀਵੀਂ ਛੁਟਕਾਰਾ ਪਾਉਣਾ ਹੁੰਦਾ ਹੈ, ਜੋ ਮਨੁੱਖੀ ਜਾਮੇਂ ਦਾ ਮੁੱਖ ਮਨੋਰਥ ਹੈ। ਇਥੇ ਇਕ ਗੁੱਝੇ ਭੇਦ ਦੀ ਗਲ ਕਰਨਾ ਬਹੁਤ ਜਰੂਰੀ ਹੈ, ਕਿਉਕਿ ਇਹ ਗਲ ਮੈਂ ਨਹੀਂ ਕਹਿ ਰਿਹਾ, ਇਸ ਦਾ ਗੁਰਬਾਣੀ ਵਿਚ ਅਨੇਕਾਂ ਵਾਰੀ ਜਿਕਰ ਆਉਂਦਾ ਹੈ,ਜਿਸ ਨੂੰ ਫੋਕਟ ਦੇ ਸ਼ਰਧਾਲੂ ਲੋਕ ਅਣ-ਦੇਖੀ ਕਰਦੇ ਹਨ। ਜਿਸ ਮਨੁੱਖ ਨੇ ਆਪਣੇ ਜੀਉਂਦੇ ਜੀਉ ਆਵਾ-ਗਉਣ ਨੂੰ ਨਹੀਂ ਤਿਆਗਿਆ, ਮਰਨ ਤੋਂ ਬਾਅਦ ਆਵਾ-ਗਉਣ ਤੋਂ ਬਚਣ ਦੀ ਆਸ ਰੱਖਣਾ ਸਿਰਫ ਉਸ ਦਾ ਇਕ ਸੁਪਨਾ ਹੈ, ਜੋ ਕਦੇ ਵੀ ਪੂਰਾ ਨਹੀਂ ਹੋਣਾ? ਇਥੇ ਇਹ ਵੀ ਯਾਦ ਰੱਖਣਾ ਬਹੁਤ ਜਰੂਰੀ ਹੈ ਕਿ ਸਿਖਰ ਦੀ ਅਵਸਥਾ ਦਾ ਪਾਤਰ ਬਣਨ ਲਈ ਮਨੁੱਖ ਨੂੰ ਪੱੜਾ ਦਰ ਪੱੜਾ ਪੈਂਡਾ ਆਪ ਤਹਿ ਕਰਨਾ ਪਵੇਗਾ, ਜਿਸ ਦਾ ਗੁਰੂ ਨਾਨਕ ਸਾਹਿਬ ਨੇ ਜਪੁ ਜੀ ਸਾਹਿਬ ਦੀਆਂ ਆਖਰੀ 5 ਪੌੜੀਆਂ ਵਿਚ ਜਿਕਰ

ਕੀਤਾ ਹੈ। ਮਨੁੱਖ ਦਾ ਅਚੇਤ ਜੀਵਨ ਜੀਉਣਾ ਪਸ਼ੂ ਜੀਵਨ ਜੀਉਣ ਬਰਾਬਰ ਹੈ। ਸਿੱਖ ਸੇਵਕਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਇਸ ਸਚਾਈ ਨੂੰ ਕਦੇ ਭੁਲਣਾ ਨਹੀਂ ਚਾਹੀਦਾ?

**ਮਾਨਸ ਕੀ ਕਹੁ ਕੇਤਕ ਬਾਤ॥ ਜਮ ਤੇ ਰਾਖੇ ਦੇ ਕਰਿ ਹਾਥ॥ ਅੰਗ 1149 ਗੁਰੂ ਗ੍ਰੰਥ ਸਾਹਿਬ**

ਜਪੁ ਜੀ ਸਾਹਿਬ ਦੀ ਬਾਣੀ ਕੁੱਜੇ ਵਿਚ ਸਮੁੰਦਰ ਦਾ ਦਰਜਾ ਰਖਦੀ ਹੈ। ਕਹਿਣ ਦਾ ਭਾਵ ਗੁਰੂ ਗ੍ਰੰਥ ਸਾਹਿਬ ਦੇ 1430 ਪੰਨੇ ਜਪੁ ਜੀ ਸਾਹਿਬ ਦੀ ਪ੍ਰਕਰਮਾ ਕਰਦੇ ਹਨ, ਪਰ ਅਸਲ ਸੱਚਾਈ ਤਾਂ ਇਹ ਹੈ ਕਿ ਜਪੁ ਜੀ ਸਾਹਿਬ ਦੀਆਂ ਆਖਰੀ 5 ਪੌੜੀਆਂ ਦੀ ਪੂਰੇ ਗੁਰੂ ਗ੍ਰੰਥ ਸਾਹਿਬ ਦੇ 1430 ਪੰਨੇ ਪ੍ਰਕਰਮਾਂ ਕਰਦੇ ਹਨ। ਜਪੁ ਜੀ ਸਾਹਿਬ ਦੀ ਬਾਣੀ ਅਨੁਸਾਰ ਇਨ੍ਹਾਂ 5 ਪੌੜੀਆਂ ਦਾ ਪੈਂਡਾ ਤਹਿ ਕਰਨਾ ਸਭ ਤੋਂ ਔਖੀ ਘਾਟੀ (ਕਰੜਾ ਸਾਰ) ਹੈ। ਧਰਮ ਖੰਡ ਇਕ ਅੰਧੇਰ ਕੋਠਰੀ ਦੀ ਤਰਾਂ ਹੈ ਜਿਥੇ ਰੋਸਨੀ ਲਈ ਕੋਈ ਰੋਸ਼ਨ-ਦਾਨ ਨਹੀਂ। ਘੁੱਪ ਹਨੇਰੇ ਵਿਚ ਮਨੁੱਖ ਨੂੰ ਆਪਣੇ ਕੀਤੇ ਕਰਮਾ ਦੀ ਪ੍ਰਵਾਨਗੀ ਦਾ ਕੋਈ ਅਤਾ ਪਤਾ ਵੀ ਨਹੀਂ ਹੁੰਦਾ? ਧਰਮਸਾਲ ਵਿਚ ਧਰਮ ਕਮਾਉਣ ਉਤੇ ਖੱਰਾ ਉਤਰਣ ਪਰ ਗਿਆਨ ਪ੍ਰਾਪਤ ਕਰਕੇ ਮਨੁੱਖ ਸੰਸਾਰ ਦੇ ਕਰਮ-ਕਾਂਡਾਂ ਤੋਂ ਪੂਰੀ ਤਰਾਂ ਨਿਖੜ ਜਾਣਾ ਹੁੰਦਾ ਹੈ।

ਕੜਵਾ ਸੱਚ ਦੀ ਪੁਸਤਕ ਦੇ ਪਹਿਲੇ ਭਾਗ ਦੇ ਪੰਨਿਆਂ ਨੂੰ ਕਲਮਬੰਦ ਕਰਨ ਦਾ ਮੁੱਖ ਮੰਤਵ, ਤਾਂ ਜੋ ਮਨੁੱਖ ਆਪਣੇ ਗੁਣ ਔਗਣਾ ਬਾਰੇ ਸੋਚਣ ਲਈ ਆਪ ਮਜਬੂਰ ਤੇ ਜਾਗਰੂਕ ਹੋਵੇ। ਆਪਣੇ ਧਰਮ ਕਾਰਜਾਂ ਤੇ ਆਪ ਗੌਰ ਕਰੇ। ਮੱਨੁਖ ਨੂੰ ਇਹ ਵੀ ਪਤਾ ਲਗ ਜਾਵੇ ਕਿ ਕਿਆ ਮੈਂ ਆਵਾ-ਗਉਣ ਦੀ ਘੁੰਮਣ ਘੇਰੀ ਦੇ ਭੰਵਰ ਵਿਚ ਤਾਂ ਨਹੀਂ ਘਿਰ ਗਿਆ? ਮਨੁੱਖ ਆਪਣੇ ਧਰਮ ਕਾਰਜਾਂ ਨੂੰ ਸ਼ੀਸ਼ੇ ਰੂਪੀ ਕੜਵਾ ਸੱਚ ਦੇ ਸਨਮੁੱਖ ਖੁਦ ਨੂੰ ਦੇਖੇ ਅਤੇ ਸਦੀਵੀਂ ਸੁਖ ਲਈ ਅਲੂਣੀ ਸਿੱਲ ਚਟੱਣ ਦਾ ਮਨ ਬਣਾਵੇ, ਕਿਉਕਿ ਗੁਰੂ ਗ੍ਰੰਥ ਸਾਹਿਬ ਸ਼ਬਦ ਰੂਪ ਵਿੱਚ ਰੱਬੀ ਸੁਨੇਹਾ ਅਤੇ ਰੱਬੀ ਪ੍ਰਕਾਸ਼ ਹੈ। ਸੱਚਾਈ ਦੇ ਬੋਲ ਤਾਂ ਅਖਾਂ ਵਿਚ ਅਖਾਂ ਪਾਕੇ ਕੋਈ ਸਚਿਆਰਾ ਪੁਰਸ਼ ਹੀ ਬੋਲ ਸਕਦਾ ਹੈ। ਜਿਸ ਦੀ ਮੌਜੂਦਾ ਹਾਲਤ ਵਿਚ ਕੋਈ ਉਮੀਦ ਨਹੀਂ। ਮਨੁੱਖ ਨੂੰ ਇਸ ਵਕਤ ਤਾਂ ਇਹ ਵੀ ਅਹਿਸਾਸ ਨਹੀਂ ਕਿ ਗਿਆਨ ਇਕ ਅਹਿੰਮ ਅਵਸਥਾ ਦਾ ਪੜਾਅ ਹੈ। ਗਿਆਨ ਤੋਂ ਬਿੰਨਾ ਅਗਲੇ ਪੱੜਾ ਸਰਮ ਖੰਡ, ਕਰਮ ਖੰਡ ਦੀ ਅਵਸਥਾ ਦਾ ਪਾਤਰ ਬਣਨਾ ਪੂਰੀ ਤਰਾਂ ਅਸਭੰਵ ਹੈ। ਪੜਾਅ ਦਰ ਪੜਾਅ ਮਨੁੱਖ ਨੇ ਇਹ ਪੈਂਡਾ ਆਪ ਹੀ ਤਹਿ ਕਰਨਾ ਹੈ। ਸ਼ਰਧਾਲੂ ਲੋਕਾਂ ਨੂੰ ਇਸ ਭੁਲੇਖੇ ਵਿਚ ਵੀ ਨਹੀਂ ਰਹਿਣਾ ਚਾਹੀਦਾ ਕਿ ਕੋਈ ਗੁਰੂ ਪੀਰ ਮੈਨੂੰ ਬਾਂਹ ਤੋਂ ਪਕੜ ਕੇ ਆਵਾ - ਗਉਣ ਦੇ ਨਰਕ ਕੁੰਡ ਵਿਚੋਂ ਕੱਢ ਲਵੇਗਾ। ਸਿਖਰ ਦੀ ਅਵਸਥਾ ਦਾ ਪਾਤਰ ਬਣੇ ਬਿੰਨਾ ਮਨੁੱਖ ਵਾਸਤਵ ਵਿਚ ਪਸ਼ੂ ਜੀਵਨ ਜੀਉ ਰਿਹਾ ਹੁੰਦਾ ਹੈ। ਇਸ ਕਰਕੇ ਕੜਵਾ ਸੱਚ ਨੂੰ ਜਗਿਆਸੂ ਲੋਕਾਂ ਦੇ ਸਨਮੁਖ ਕਰਨਾ ਇਕ ਮਜਬੂਰੀ ਹੈ।

ਕੜਵਾ ਸੱਚ ਦੀ ਲੇਖਣੀ ਵਿਚ ਜੋ ਤਰਕ ਦੀ ਦਲੀਲ ਹੈ ਇਸ ਵਿਚ ਕਿੰਨਾਕੁ ਦੱਮ ਹੈ, ਝੁਠਲਾਇਆ ਨਹੀਂ ਜਾ ਸਕਦਾ, ਕਿਉਕਿ ਦੁੱਧ ਨੂੰ ਚਿੱਟਾ ਦਸੱਣ ਲਈ ਦੁੱਧ ਨੂੰ ਸਾਹਮਣੇ ਲਿਆਕੇ ਦਿਖਾਉਣ ਦੀ ਲੋੜ ਨਹੀਂ। ਪ੍ਰਮਾਤਮਾ (ਸੱਚ) ਦਾ ਨਿਰਗੁਣ ਸਰੂਪ ਸ਼ਬਦ ਹੈ, ਪਰ ਸੱਚ ਨੂੰ ਸਮਝਣ ਲਈ ਦੁਨੀਆਂ ਵਿਚ ਕੋਈ ਦਾਰੂ ਬੂਟੀ, ਕੈਪਸੂਲ ਯਾ ਕੋਈ ਇਨਜੈਕਸ਼ਨ ਨਹੀ ਬਣਿਆ? ਜਿਸ ਰਾਹੀ ਮਨੁੱਖ ਦੇ ਹਿਰਦੇ ਵਿਚ ਸੱਚ ਵੱਸ ਜਾਵੇ। ਭਾਵ ਮਨੁੱਖ ਨੂੰ ਸਤਿ-ਧਰਮ ਦੇ ਰਾਹ ਤੋਰਿਆ ਜਾ ਸਕੇ। ਸੱਚ (ਪ੍ਰਮਾਤਮਾ) ਦੇ ਚਿੰਤਨ ਬਿੰਨਾ ਸ਼ੱਚ (ਪ੍ਰਮਾਤਮਾ) ਦੇ ਗਿਆਨ ਲਈ ਕੋਈ ਚਤੁਰਾਈ ਅਤੇ ਕੋਈ ਸਿਆਣਪ ਕੰਮ ਨਹੀਂ ਆਉਣੀ। ਸੱਚ (ਪ੍ਰਮਾਤਮਾ) ਦਾ ਗਿਆਨ ਸਿਰਫ ਸਤਿਧਰਮ ਦੇ ਰਾਹ ਚਲਕੇ ਹੀ ਪ੍ਰਾਪਤ ਹੋ ਸਕਦਾ ਹੈ। ਕੜਵਾ ਸੱਚ ਦੀ ਪੁਸਤਕ ਦੇ ਪਹਿਲੇ ਭਾਗ ਦੇ ਕੁਲ ਪੰਨਿਆਂ ਵਿਚੋਂ ਵੱਧ ਪੰਨੇ ਭਾਵੇਂ ਆਵਾਗਉਣ ਦੀ ਘੁੰਮਣ ਘੇਰੀ ਦੇ ਹਨ, ਪਰ ਅਗਲੇ ਪੜਾਵਾਂ ਨੂੰ ਪੱੜਾ ਦਰ ਪੱੜਾ ਵਿਚਾਰ ਕਰਨ ਲਈ ਇਕ ਛੋਟਾ ਜਿਹਾ ਯਤਨ ਜਰੂਰ ਹੈ।

**ਜਗਦੀਸ਼ ਸਿੰਘ ਕੋਟਲੀ**

**Web Site : NavYugChetnaSamaj.com**
**Email Address: JsKotli@NavYugChetnaSamaj.com**
**Address: 1718/4 Gobind Puri Extn. Kalka Ji, New Delhi - 110019**
**Phone: Delhi – 011 - 26023561**